This Question Paper consists of **13** questions and **11** printed pages.
ਇਸ ਪ੍ਰਸ਼ਨ-ਪੱਤਰ ਵਿੱਚ 13 ਪ੍ਰਸ਼ਨ ਅਤੇ 11 ਛਪੇ ਹੋਏ ਪੰਨੇ ਹਨ।

**Roll No.** ਰੋਲ ਨੰ: ਅੰਕਾਂ ਵਿੱਚ

| | | | | | | | | | | | |
|---|---|---|---|---|---|---|---|---|---|---|---|
| | | | | | | | | | | | |

**Code No. 71/SS/310/A**
ਕੋਡ ਨੰ.

**SET/ਸੈਟ - A**

# PUNJABI

## (ਪੰਜਾਬੀ)

## (310)

**Day and Date of Examination :** ____________________

**(ਪ੍ਰੀਖਿਆ ਦਾ ਦਿਨ ਅਤੇ ਮਿਤੀ)**

**Signature of Invigilators :** 1. ____________________

**(ਨਿਗਰਾਨਾਂ ਦੇ ਹਸਤਾਖ਼ਰ)** 2. ____________________

**ਆਮ ਨਿਰਦੇਸ਼ :**

1. ਵਿਦਿਆਰਥੀ ਨੂੰ ਪ੍ਰਸ਼ਨ ਪੱਤਰ ਦੇ ਪਹਿਲੇ ਪੰਨੇ 'ਤੇ ਆਪਣਾ ਨਾਂ ਅਤੇ ਰੋਲ ਨੰਬਰ ਲਿਖਣਾ ਜ਼ਰੂਰੀ ਹੈ।

2. ਪ੍ਰਸ਼ਨ-ਪੱਤਰ ਦੇ ਸਾਰੇ ਪੰਨਿਆ ਨੂੰ ਦੇਖਣਾ ਅਤੇ ਜਾਂਚਣਾ ਜ਼ਰੂਰੀ ਹੈ ਅਤੇ ਪ੍ਰਸ਼ਨ-ਪੱਤਰ ਵਿੱਚ ਪ੍ਰਸ਼ਨਾਂ ਦੀ ਗਿਣਤੀ ਉੱਤਰ ਪੁਸਤਕ ਦੇ ਉੱਪਰ ਪਹਿਲੇ ਪੰਨੇ ਤੋਂ ਛਪੇ ਨੰਬਰਾਂ ਨਾਲ ਮਿਲਦੀ ਹੋਣੀ ਚਾਹੀਦੀ ਹੈ। ਇਹ ਵੀ ਦੇਖਿਆ ਜਾਵੇ ਕਿ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨ ਕ੍ਰਮ (ਸੀਰੀਅਲ) ਅਨੁਸਾਰ ਹੋਵੇ।

3. ਆਬਜੈਕਟਿਵ ਟਾਈਪ ਪ੍ਰਸ਼ਨ ਜਿਹਨਾਂ ਦੇ ਚਾਰ ਵਿਕਲਪ (A), (B), (C) ਅਤੇ (D) ਹਨ, ਜਿਹਨਾਂ ਵਿੱਚੋਂ ਇਕ ਠੀਕ ਵਿਕਲਪ ਚੁਣਨਾ ਹੈ ਅਤੇ ਠੀਕ ਉੱਤਰ ਨੂੰ ਪੁਸਤਕ ਵਿੱਚ ਲਿਖਣਾ ਹੈ। ਸਾਰੇ ਪ੍ਰਸ਼ਨ-ਪੱਤਰ ਵਿੱਚ ਸਬਜੈਕਟਿਵ ਟਾਈਪ ਪ੍ਰਸਨ ਵੀ ਹਨ ਜੋ ਨਿਰਧਾਰਤ ਸਮੇਂ ਅਨੁਸਾਰ ਹੀ ਕਰਨੇ ਹਨ ਕਿਉਂਕਿ ਨਿਰਧਾਰਤ ਤੋਂ ਵਾਧੂ ਸਮਾਂ ਨਹੀਂ ਦਿੱਤਾ ਜਾਵੇਗਾ ।

4. ਕੋਣ ਵੀ ਨਿਸਾਨ ਜਾਂ ਰੋਲ ਨੰਬਰ ਉੱਤਰ ਪੁਸਤਕ ਦੀ ਕਿਸੇ ਵੀ ਜਗ੍ਹਾਂ ਤੇ ਨਹੀਂ ਹੋਣ ਚਾਹੀਦਾ, ਨਹੀਂ ਤਾਂ ਵਿਦਿਆਰਥੀ ਨੂੰ ਪ੍ਰੀਖਿਆ ਤੋਂ ਬਾਹਰ ਕਰ ਦਿੱਤਾ ਜਾਵੇਗਾ ।

5. ਉੱਤਰ ਪੁਸਤਕ ਦੇ ਪ੍ਰਸਨ ਪੁਸਤਕ ਦਾ ਨੰਬਰ **71/SS/310/A** ਜ਼ਰੂਰ ਲਿਖੋ।



UNNATI EDUCATIONS
9899436384: 9654-279-279

# (ਪੰਜਾਬੀ)

# (310)

**ਸਮਾਂ : 3 ਘੰਟੇ ]** **[ ਕੁੱਲ ਅੰਕ : 100**

---

**ਨੋਟ :** ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :

(i) ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਚੋਣ ਵੀ ਦਿੱਤੀ ਗਈ ਹੈ। ਉਸਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।

(ii) ਉੱਤਰ ਨੂੰ ਧਿਆਨ ਨਾਲ ਲਿਖਿਆ/ਉੱਤਰਸ਼ੀਟ 'ਤੇ ਦਰਜ ਕੀਤਾ ਜਾਵੇ।

(iii) ਪ੍ਰਸ਼ਨ ਨੰਬਰ ਅੱਠ ਦੀ ਚੋਣ ਅਨੁਸਾਰ ਪਹਿਲੇ ਇੱਕ ਤੋਂ ਸੱਤ ਪ੍ਰਸ਼ਨ ਜਾਂ ਅਗਲੇ ਇੱਕ ਤੋਂ ਸੱਤ ਪ੍ਰਸ਼ਨ ਹੱਲ ਕੀਤੇ ਜਾਣ।

**ਨੋਟ :**

(1) ਸਾਰੇ ਪ੍ਰਸ਼ਨਾਂ ਦੇ ਉੱਤਰ ਤੁਹਾਨੂੰ ਦਿੱਤੀ ਗਈ ਉੱਤਰ ਪੁਸਤਿਕਾ ਵਿੱਚ ਹੀ ਲਿਖੋ।

(2) ਇਸ ਪ੍ਰਸ਼ਨ-ਪੱਤਰ ਨੂੰ ਪੜ੍ਹਣ ਦੇ ਲਈ **15** ਮਿੰਟ ਦਾ ਸਮਾਂ ਦਿਤਾ ਗਿਆ ਹੈ। ਪ੍ਰਸ਼ਨ ਪੱਤਰ ਦੀ ਵੰਡ ਦੁਪਹਿਰ **2.15** ਵਜੇ ਕੀਤੀ ਜਾਵੇਗੀ। **2.15** ਵਜੇ ਤੋਂ **2.30** ਵਜੇ ਤੱਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਦੇ ਦੌਰਾਣ ਉਹ ਉੱਤਰ-ਪੁਸਤਿਕਾ 'ਤੇ ਕੋਈ ਉੱਤਰ ਨਹੀਂ ਲਿਖਣੇਗੇ ।

---

UNNATI EDUCATIONS
EK KADAM UNNATI KI AUR

**I.** ਪੁੱਛੇ ਗਏ ਸਾਰੇ ਪ੍ਰਸ਼ਨਾਂ ਦੇ ਉੱਤਰ ਲਿਖੋ : **1x10=10**

**1.** 'ਦੁਆਬੀ' ਉਪਭਾਸ਼ਾਂ ਪੰਜਾਬ ਦੇ ਕਿਸ ਇਲਾਕੇ ਵਿੱਚ ਵਰਤੀ ਜਾਂਦੀ ਹੈ ?

(A) ਫਿਰੋਜ਼ਪੁਰ (B) ਪਟਿਆਲਾ

(C) ਜਲੰਧਰ (D) ਲਾਹੌਰ

**2.** ਗੁਰਮੁਖੀ ਲਿਪੀ ਵਿੱਚ ਕਿੰਨੇ ਸਵਰਵਾਹਕ ਅੱਖਰ ਹਨ ?

(A) ਦੋ (B) ਤਿੰਨ

(C) ਚਾਰ (D) ਪੰਜ

**3.** ਪਾਠ-ਪੁਸਤਕ ਅਨੁਸਾਰ ਪਿਛੇਤਰਾਤਮਕ ਭਾਸ਼ਾ ਕਿਸ ਨੂੰ ਕਿਹਾ ਗਿਆ ਹੈ ?

(A) ਅੰਗਰੇਜ਼ੀ (B) ਹਿੰਦੀ

(C) ਪੰਜਾਬੀ (D) ਉਰਦੂ



UNNATI EDUCATIONS
9899436384: 9654-279-279

4. ਜੋ ਸ਼ਬਦ ਅਗੇਤਰਾਂ-ਪਿਛੇਤਰਾਂ ਦੀ ਮਦਦ ਨਾਲ ਬਣਾਏ ਜਾਂਦੇ ਹਨ, ਉਨ੍ਹਾਂ ਨੂੰ ਕੀ ਕਹਿੰਦੇ ਹਨ ?
(A) ਸਮਾਨਾਰਥਕ ਸ਼ਬਦ
(B) ਉਤਪੰਨ ਸ਼ਬਦ
(C) ਰਚਿਤ ਸ਼ਬਦ
(D) ਮੂਲ ਸ਼ਬਦ

5. 'ਉਪਵਾਕ' ਸ਼ਬਦ ਵਿੱਚ ਅਗੇਤਰ ਕਿਹੜਾ ਹੈ ?
(A) ਉ
(B) ਉਪ
(C) ਵਾਕ
(D) ਕ

6. ਰਚਿਤ ਸ਼ਬਦ ਕਿਵੇਂ ਬਣਦੇ ਹਨ ?
(A) ਸ਼ਬਦ ਜਾਂ ਸ਼ਬਦਾਂਸ਼ ਦੀ ਸਹਾਇਤਾ ਨਾਲ
(B) ਸਮਾਨ ਅਰਥਾਂ ਵਾਲੇ ਦੋ ਸ਼ਬਦ ਮਿਲਾ ਕੇ
(C) ਦੁਹਰਾਉ ਵਾਲੇ ਸ਼ਬਦਾਂ ਦੀ ਸਹਾਇਤਾ ਨਾਲ
(D) ਦੋ ਵਿਰੋਧੀ ਸ਼ਬਦਾਂ ਨੂੰ ਮਿਲਾ ਕੇ

7. 'ਸਿਆਲ'ਸ਼ਬਦ ਦੇ ਸਮਾਨਾਰਥਕ ਸ਼ਬਦ ਲਈ ਸਹੀ ਵਿਕਲਪ ਚੁਣੋ :
(A) ਸਿਆਣਾ
(B) ਫ਼ਰਕ
(C) ਕਾਇਮ
(D) ਸਰਦੀ

8. 'ਉੱਪਰਾ' ਸ਼ਬਦ ਦਾ ਸਹੀ ਵਿਰੋਧੀ ਸ਼ਬਦ ਚੁਣੋ :
(A) ਜਾਣੂ
(B) ਕੌੜਾ
(C) ਦੇਰੀ
(D) ਨਿਡਰ

9. 'ਘੜੀ' ਸ਼ਬਦ ਦੇ ਬਹੁਅਰਥਕ ਸ਼ਬਦ ਲਈ ਸਹੀ ਵਿਕਲਪ ਚੁਣੋ :
(A) ਤਾਜ਼ਗੀ
(B) ਵਕਤ
(C) ਫ਼ਲ
(D) ਆਵਾਜ਼

10. 'ਸਿਹਤ ਤੋਂ ਵੱਧ ਕੇ ਕੋਈ ਧਨ ਨਹੀਂ।' ਵਾਕ ਦੀ ਕਿਸਮ ਦਾ ਸਹੀ ਵਿਕਲਪ ਚੁਣੋ :
(A) ਸਾਧਾਰਨ ਵਾਕ
(B) ਸੰਯੁਕਤ ਵਾਕ
(C) ਮਿਸ਼ਰਤ ਵਾਕ
(D) ਪ੍ਰਸ਼ਨਵਾਚਕ ਵਾਕ

**II.** ਪੁੱਛੇ ਗਏ ਸਾਰੇ ਪ੍ਰਸ਼ਨਾਂ ਦੇ ਉੱਤਰ ਲਿਖੋ : **1x8=8**

1. 'ਸਉ ਮਣੁ ਹਸਤੀ ਘਿਉ ਗੁੜੁ ਖਾਵੈ -----' ਬਾਣੀ ਸਤਰਾਂ ਵਿੱਚ 'ਹਸਤੀ' ਸ਼ਬਦ ਦਾ ਕੀ ਭਾਵ ਹੈ ?
(A) ਸ਼ਖਸੀਅਤ
(B) ਹਾਥੀ
(C) ਹੱਥ
(D) ਮਿੱਟੀ

2. ਗੁਰੂ ਨਾਨਕ ਦੇਵ ਜੀ ਨੇ ਹਾਥੀ ਦੇ ਮੁਕਾਬਲੇ ਹਉਮੈਂ ਭਾਵ ਤੋਂ ਮੁਕਤ ਕਿਸ ਨੂੰ ਕਿਹਾ ਹੈ ?
(A) ਸ਼ੇਰ
(B) ਚਿੜੀ
(C) ਮਨੁੱਖ
(D) ਹਿਰਨ


UNNATI EDUCATIONS
9899436384: 9654-279-279

3. ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਮੱਖੀ ਕਿਸ ਚੀਜ਼ ਦੀ ਪ੍ਰਤੀਕ ਹੈ ?
   (A) ਦੁਨਿਆਵੀ ਮੋਹ-ਮਾਇਆ ਵਿੱਚ ਫ਼ਸੇ ਲੋਕਾਂ ਦੀ
   (B) ਗੁਰਮੁਖ ਲੋਕਾਂ ਦੀ
   (C) ਕਮਜ਼ੋਰ ਲੋਕਾਂ ਦੀ
   (D) ਕਿਸੇ ਦੀ ਵੀ ਨਹੀਂ

4. ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਰਾਹੀਂ ਕਿਸ ਤਰ੍ਹਾਂ ਦੇ ਜੀਵਨ ਉੱਤੇ ਜ਼ੋਰ ਦਿੱਤਾ ਹੈ ?
   (A) ਹਉਮੈਂ ਯੁਕਤ (B) ਕਰਮ ਕਾਂਡੀ
   (C) ਨੇਕ ਆਚਰਣ ਯੁਕਤ (D) ਹੰਕਾਰੀ

5. 'ਮਿਰਜ਼ਾ-ਸਾਹਿਬਾਂ' ਕਿੱਸੇ ਦੇ ਕਿੱਸਾਕਾਰ ਕੌਣ ਹਨ?
   (A) ਦਮੋਦਰ (B) ਪੀਲੂ
   (C) ਵਾਰਿਸ ਸ਼ਾਹ (D) ਹਾਸ਼ਮ

6. 'ਉਪਰੋਂ ਸਾਹਿਬਾਂ ਉਤਰੀ, ਪੈ ਗਈ ਛਿਨਕਾਰ' ਕਾਵਿ-ਸਤਰ ਵਿੱਚ 'ਛਿਨਕਾਰ' ਸ਼ਬਦ ਦਾ ਅਰਥ ਦੱਸੋ ।
   (A) ਪਾਣੀ ਦੀ ਆਵਾਜ਼ (B) ਸੰਗੀਤਕ ਆਵਾਜ਼
   (C) ਝਿੜਕਣਾ (D) ਮੀਂਹ

7. ਮਿਰਜ਼ਾ ਕਿਸ ਦੀ ਮਦਦ ਨਾਲ ਪੌੜੀ ਬਣਾ ਕੇ ਉੱਪਰ ਚੜ੍ਹਦਾ ਹੈ ?
   (A) ਲੱਕੜਾਂ (B) ਕਿੱਲੀਆਂ
   (C) ਇੱਟਾਂ (D) ਮਿੱਟੀ

8. ਪਹਾੜੀ ਰਾਜੇ(ਬਾਈ ਡੋਗਰ) ਕਿਸ ਕੋਲ ਆ ਕੇ ਬਹਿੰਦੇ ਸਨ ?
   (A) ਲੁਹਾਰ (B) ਮਿਰਜ਼ਾ
   (C) ਖੀਵੇ ਖਾਨ (D) ਸਾਹਿਬਾਂ

UNNATI EDUCATIONS
EK KADAM UNNATI KI AUR

**III.** ਪੁੱਛੇ ਗਏ ਸਾਰੇ ਪ੍ਰਸ਼ਨਾਂ ਦੇ ਉੱਤਰ ਲਿਖੋ : **1x5=5**

1. ਲੇਖਕ ਵਿਆਹ ਵਾਲੇ ਘਰ ਤੋਂ ਭੂਆ ਦੇ ਘਰ ਕਿਵੇਂ ਪੁੱਜਾ ?
   (A) ਬੱਸ ਰਾਹੀਂ (B) ਪੈਦਲ
   (C) ਟਾਂਗੇ ਰਾਹੀਂ (D) ਟੈਕਸੀ ਰਾਹੀਂ

2. ਲੇਖਕ ਨੂੰ ਭੂਆ ਨੇ ਪਛਾਣਿਆ ਕਿਉਂ ਨਹੀਂ ?
   (A) ਲੇਖਕ ਬੁੱਢਾ ਹੋ ਗਿਆ ਸੀ (B) ਲੇਖਕ ਮੋਟਾ ਹੋ ਗਿਆ ਸੀ
   (C) ਭੂਆ ਨੂੰ ਭੁੱਲਣ ਦੀ ਬੀਮਾਰੀ ਸੀ (D) ਭੂਆ ਨੂੰ ਅੰਧਰਾਤੇ ਦੀ ਬੀਮਾਰੀ ਸੀ

3. ਲੇਖਕ ਦੇ ਬਚਪਨ ਵਿੱਚ ਭੂਆ ਅੱਧੀ ਛੁੱਟੀ ਵੇਲੇ ਲੇਖਕ ਲਈ ਕੀ ਲਿਆਉਂਦੀ ਸੀ ?
   (A) ਮੁਰਮੁਰਾ (B) ਗਰਮ ਰੋਟੀ ਦਾ ਡੱਬਾ
   (C) ਮਲਾਈ ਵਾਲੇ ਦੁੱਧ ਦਾ ਕੌਲ (D) ਕੁਲਫ਼ੀ



**UNNATI EDUCATIONS**
**9899436384: 9654-279-279**

4. 'ਪੇਮੀ ਦੇ ਨਿਆਣੇ' ਕਹਾਣੀ ਵਿੱਚ ਭਰਾ ਦੀ ਉਮਰ ਕਿੰਨੀ ਸੀ ?

(A) ਛੇ ਵਰ੍ਹੇ (B) ਸੱਤ ਵਰ੍ਹੇ

(C) ਨੌਂ ਵਰ੍ਹੇ (D) ਗਿਆਰਾਂ ਵਰ੍ਹੇ

5. ਸੰਤ ਸਿੰਘ ਸੇਖੋਂ ਦੀ ਕਿਹੜੀ ਕਹਾਣੀ ਤੁਹਾਵੀ ਪਾਠ-ਪੁਸਤਕ ਵਿੱਚ ਦਰਜ ਹੈ ?

(A) ਕਰਾਮਾਤ (B) ਕੁਲਫ਼ੀ

(C) ਪੇਮੀ ਦੀ ਨਿਆਣੇ (D) ਭੂਆ

**IV.** ਪੁੱਛੇ ਗਏ ਸਾਰੇ ਪ੍ਰਸ਼ਨਾਂ ਦੇ ਉੱਤਰ ਲਿਖੋ : **1x5=5**

1. 'ਵੇਈਂ ਪ੍ਰਵੇਸ਼'ਸਾਖੀ ਦਾ ਨਾਇਕ ਕੌਣ ਹੈ ?

(A) ਬਾਬਾ ਨਾਨਕ (B) ਪਰਮੇਸ਼ਰ ਦਾ ਸੇਵਕ

(C) ਪਰਮੇਸ਼ਰ (D) ਸੇਵਾਦਾਰ

2. 'ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ॥' ਸ਼ਬਦ ਕਿਹੜੇ ਰਾਗ ਵਿੱਚ ਹੈ ?

(A) ਆਸਾ ਰਾਗ (B) ਸਿਰੀ ਰਾਗ

(C) ਰਾਗ ਮਾਝ (D) ਰਾਗ ਧਨਾਸਰੀ

3. 'ਲਿਪਤ ਨਾ ਹੋਣਾ' ਦੇ ਅਰਥ ਲਈ ਕਿਹੜਾ ਸ਼ਬਦ 'ਵੇਈਂ ਪ੍ਰਵੇਸ਼' ਸਾਖੀ ਵਿੱਚ ਵਰਤਿਆ ਗਿਆ ਹੈ ?

(A) ਕਿਰਤਿ (B) ਏਹਾ

(C) ਨਿਰਲੇਪੁ (D) ਨਿਹਾਲ

4. ਲੇਖਕ ਦੀ ਦਾਦੀ ਜੀ ਦੀ ਕਿੰਨੀ ਉਮਰ ਹੈ ?

(A) ਛਿਆਨਵੇਂ ਵਰ੍ਹੇ (B) ਤਰਿਆਨਵੇਂ ਵਰ੍ਹੇ

(C) ਪਚਾਨਵੇਂ ਵਰ੍ਹੇ (D) ਇਕਾਨਵੇਂ ਵਰ੍ਹੇ

5. ਲੇਖਕ ਦੀ ਦਾਦੀ ਜੀ ਦੇ ਘਰ ਸਾਦੀ ਸਦੀ ਕਿੱਥੇ ਵਿਛੀ ਸੀ ?

(A) ਬੈਠਕ ਵਿੱਚ (B) ਪ੍ਰਾਰਥਨਾ- ਕਮਰੇ ਵਿੱਚ

(C) ਸੌਣ-ਕਮਰੇ ਵਿੱਚ (D) ਵਰਾਂਡੇ ਵਿੱਚ

**V.** ਪੁੱਛੇ ਗਏ ਸਾਰੇ ਪ੍ਰਸ਼ਨਾਂ ਦੇ ਉੱਤਰ ਲਿਖੋ : **1x5=5**

1. ਲੋਕਗੀਤਾਂ ਦਾ ਬੁਨਿਆਦੀ ਤੱਤ ਕੀ ਹੁੰਦਾ ਹੈ?

(A) ਅਮਲ (B) ਧਨ

(C) ਸੰਗੀਤ (D) ਕਾਰਜ

2. ਮੁੰਡੇ ਦੇ ਵਿਆਹ 'ਤੇ ਕਿਹੜੇ ਲੋਕਗੀਤ ਗਾਏ ਜਾਂਦੇ ਹਨ ?

(A) ਟੱਪੇ (B) ਬੋਲੀ

(C) ਘੋੜੀਆਂ (D) ਸੁਹਾਗ



UNNATI EDUCATIONS
9899436384: 9654-279-279

3. ਕਿਸ ਲੋਕ-ਨਾਚ ਵਿੱਚ ਗਾਉਂਦੇ ਨਹੀਂ, ਸਿਰਫ਼ ਨੱਚਦੇ ਹਨ ?
(A) ਝੂੰਮਰ (B) ਮਲਵਈ ਗਿੱਧਾ
(C) ਗਿੱਧਾ (D) ਲੁੱਡੀ

4. 'ਜਗਰਾਵਾਂ ਦੀ ਰੌਸ਼ਨੀ' ਮੇਲਾ ਕਿੱਥੇ ਲੱਗਦਾ ਹੈ ?
(A) ਮਲੇਰ ਕੋਟਲੇ ਵਿਖੇ (B) ਪਿੰਡ ਜਰਗ ਵਿੱਚ
(C) ਮਾਲਵੇ ਵਿੱਚ (D) ਮੁਕਤਸਰ ਵਿਖੇ

5. ਸਾਵਣ ਮਹੀਨੇ ਦੀ ਤੀਜੀ ਤਿੱਥ ਨੂੰ ਕਿਹੜਾ ਤਿਉਹਾਰ ਮਨਾਇਆ ਜਾਂਦਾ ਹੈ ?
(A) ਤੀਆਂ (B) ਰੱਖੜੀ
(C) ਲੋਹੜੀ (D) ਦੀਵਾਲੀ

**VI.** ਪੁੱਛੇ ਗਏ ਸਾਰੇ ਪ੍ਰਸ਼ਨਾਂ ਦੇ ਉੱਤਰ ਲਿਖੋ : **1x5=5**

1. ਰਾਮੂ ਨੇ ਆਪਣੇ ਪਿੰਡ ਪਹੁੰਚਣ ਬਾਰੇ ਘਰਦਿਆਂ ਨੂੰ ਪਹਿਲਾਂ ਹੀ ਕਿਵੇਂ ਦੱਸਿਆ?
(A) ਚਿੱਠੀ ਪਾਕੇ (B) ਤਾਰ ਭੇਜ ਕੇ
(C) ਫੋਨ ਕਰਕੇ (D) ਕਿਸੇ ਹੱਥ ਸੁਨੇਹਾ ਭੇਜ ਕੇ

2. ਇਕਾਂਗੀ 'ਭਾਈ ਘੱਨਈਆਂ ਜੀ' ਦੇ ਲੇਖਕ ਕੌਣ ਹਨ ?
(A) ਬਲਵੰਤ ਗਾਰਗੀ (B) ਬਲਰਾਜ ਸਾਹਨੀ
(C) ਭਾਈ ਵੀਰ ਸਿੰਘ (D) ਗੁਰਸ਼ਰਨ ਸਿੰਘ

UNNATI EDUCATIONS
EK KADAM UNNATI KI AUR

3. ਰਾਮੂ ਕਿੰਨੇ ਸਾਲ ਪਹਿਲਾਂ ਸ਼ਹਿਰ ਆਇਆ ਸੀ ?
(A) ਤਿੰਨ ਸਾਲ (B) ਚਾਰ ਸਾਲ
(C) ਪੰਜ ਸਾਲ (D) ਛੇ ਸਾਲ

4. ਮਨਜੀਤ ਕੌਣ ਹੈ ?
(A) ਰਾਮੂ ਦੀ ਭੈਣ (B) ਬਾਬਾ ਜੀ ਦੀ ਧੀ
(C) ਬਾਬਾ ਜੀ ਦੀ ਗੁਆਂਢਣ (D) ਰਾਮੂ ਦੀ ਗੁਆਂਢਣ

5. ਰਾਮੂ ਨੇ ਗੁਰਦੁਆਰੇ ਵਿੱਚ ਕਿਸ ਦੀ ਸਾਖੀ ਸੁਣੀ ?
(A) ਬਾਬਾ ਨਾਨਕ (B) ਭਾਈ ਘਨੂਈਆ ਜੀ
(C) ਗੁਰੂ ਸਾਹਿਬਾਂ ਦੀ (D) ਪੁਰਾਤਨ ਜਨਮਸਾਖੀ


UNNATI EDUCATIONS
9899436384: 9654-279-279

**VII.** ਪੁੱਛੇ ਗਏ ਸਾਰੇ ਪ੍ਰਸ਼ਨਾਂ ਦੇ ਉੱਤਰ ਲਿਖੋ : **1x5=5**

**1.** ਭਾਰਤੀ ਭਾਸ਼ਾਵਾਂ 'ਚ ਪੱਤਰਕਾਰੀ ਦੀ ਸ਼ੁਰੂਆਤ ਸਭ ਤੋਂ ਪਹਿਲਾਂ ਕਿਸ ਭਾਸ਼ਾ ਦੀ ਅਖਬਾਰ ਨਾਲ ਹੋਈ ?

(A) ਪੰਜਾਬੀ (B) ਬੰਗਾਲੀ

(C) ਉੜੀਆ (D) ਹਿੰਦੀ

**2.** ਪੱਤਰਕਾਰੀ ਸਾਹਿਤ ਵੀ ਹੈ ਅਤੇ ________ ਵੀ। ਇਸ ਵਾਕ ਨੂੰ 'ਮੀਡੀਆ ਤੇ ਪੰਜਾਬੀ ਮੀਡੀਆ' ਪਾਠ ਅਨੁਸਾਰ ਪੂਰਾ ਕਰੋ ।

(A) ਕਲਾ (B) ਧਰਮ

(C) ਅਨੁਵਾਦ (D) ਪੁਸਤਕ

**3.** 'ਫੁਲਵਾੜੀ', 'ਪ੍ਰੀਤਲੜੀ', 'ਪੰਜ ਦਰਿਆ', 'ਨਾਗਮਣੀ' ਆਦਿ ਕਿਸ ਦੇ ਨਾਂ ਹਨ ?

(A) ਅਖ਼ਬਾਰਾਂ (B) ਕਿਤਾਬਾਂ

(C) ਫ਼ਿਲਮਾਂ (D) ਰਸਾਲੇ

**4.** ਦੇਸ ਦੇ ਅਮਨ ਕਾਨੂੰਨ ਦੀ ਵਿਵਸਥਾ ਦਾ ਸਾਰਾ ਦਾਰੋਮਦਾਰ ਕਿਸ ਉੱਪਰ ਹੀ ਹੁੰਦਾ ਹੈ ? ਪਾਠ-ਪੁਸਤਕ ਦੇ ਆਧਾਰ 'ਤੇ ਦੱਸੋ।

(A) ਪੁਲਿਸ (B) ਜਨਤਾ

(C) ਪ੍ਰੈੱਸ (D) ਸਰਕਾਰ

**5.** ਕਿਸ ਕੰਮ ਉੱਪਰ ਘੰਟਿਆਂ ਬੱਧੀ ਸਮਾਂ ਨਸ਼ਟ ਹੋ ਜਾਂਦਾ ਹੈ ?

(A) ਅਖ਼ਬਾਰ ਉੱਪਰ (B) ਪ੍ਰਿੰਟਿੰਗ ਉੱਪਰ

(C) ਅਨੁਵਾਦ ਉੱਪਰ (D) ਅਖ਼ਬਾਰ ਵੇਚਣ ਉੱਪਰ

UNNATI EDUCATIONS
EK KADAM UNNATI KI AUR

**VIII.** ਪੁੱਛੇ ਗਏ ਸਾਰੇ ਪ੍ਰਸ਼ਨਾਂ ਦੇ ਉੱਤਰ ਲਿਖੋ : **1x7=7**

**1.** ਭਾਸ਼ਾਂਤਰ ਦਾ ਅਰਥ ਹੈ :

(A) ਨਿਰੰਤਰ (B) ਨਾਟਕੀਕਰਨ

(C) ਅਨੁਵਾਦ (D) ਭਾਸ਼ਾ ਵਿੱਚਲਾ ਅੰਤਰ

**2.** ਅਨੁਵਾਦ, ਅਰਥ ਦਾ _________ ਹੈ।'

(A) ਮਨਫ਼ੀ (B) ਗਿਆਨ

(C) ਅੰਤਰਣ (D) ਵਿਧਾ

**3.** 'ਮੂਲ ਨੂੰ ਦੂਜੀ ਭਾਸ਼ਾ ਵਿੱਚ ਕਹਿਣਾ' ਇਹਨਾਂ ਸ਼ਬਦਾਂ ਦਾ ਕੀ ਭਾਵ ਹੈ ?

(A) ਭਾਸ਼ਾ (B) ਅੰਤਰਣ

(C) ਆਗਾਜ਼ (D) ਵਿਸ਼ਿਸ਼ਟ



**UNNATI EDUCATIONS**
**9899436384: 9654-279-279**

4. 'ਅਨੁਵਾਦ ਵਿਸ਼ਵ-ਸੰਵਾਦ ਲਈ ______ ਦਾ ਕੰਮ ਕਰਦਾ ਹੈ।' ਵਾਕ ਨੂੰ ਅਨੁਵਾਦ ਕਲਾ ਅਤੇ ਵਿਗਿਆਨ' ਪਾਠ ਦੇ ਆਧਾਰ 'ਤੇ ਪੂਰਾ ਕਰੋ ।

(A) ਪੁੱਲ (B) ਗੱਡੀ
(C) ਸਾਥੀ (D) ਨਦੀ

5. ਮੀਡੀਆ ਦੀ ਆਮਦਨ ਦਾ ਸੱਭ ਤੋਂ ਵੱਡਾ ਸਰੋਤ ਕੀ ਹੈ ?

(A) ਅਨੁਵਾਦ (B) ਸਾਹਿਤ
(C) ਭਾਸ਼ਾ (D) ਵਿਗਿਆਪਨ

6. ਵਿਗਿਆਪਨ ਕਿੰਨੀਆਂ ਕਿਸਮਾਂ ਦੇ ਹੁੰਦੇ ਹਨ ?

(A) ਤਿੰਨ (B) ਚਾਰ
(C) ਪੰਜ (D) ਛੇ

7. ਜਨ-ਸੰਚਾਰ ਮਾਧਿਅਮ ਦੀ ਰੀੜ ਦੀ ਹੱਡੀ ਕਿਸ ਨੂੰ ਕਿਹਾ ਜਾਂਦਾ ਹੈ ?

(A) ਅਖ਼ਬਾਰ (B) ਕਿਤਾਬ
(C) ਰਸਾਲਾ (D) ਵਿਗਿਆਪਨ

**ਜਾਂ**

ਪੁੱਛੇ ਗਏ ਸਾਰੇ ਪ੍ਰਸ਼ਨਾਂ ਦੇ ਉੱਤਰ ਲਿਖੋ:

1. ਭਾਰਤ-ਪਾਕਿਸਤਾਨ ਜੰਗ ਨਾਲ ਸੰਬੰਧਿਤ ਫ਼ਿਲਮ ਕਿਹੜੀ ਹੈ ?

(A) ਗ਼ਦਰ (B) ਬਾਰਡਰ
(C) ਪਿੰਜਰ (D) ਬਾਦਲ

2. ਸਾਹਿਤ ਦੀ ਕੋਮਲ ਕਿਸਮ ਦੀ ਸਾਹਿਤ-ਵਿਧਾ ਕਿਹੜੀ ਹੈ ?

(A) ਸਿੱਠਣੀਆਂ (B) ਅਲਾਹੁਣੀਆਂ
(C) ਗੀਤ (D) ਕਾਫ਼ੀ

3. 'ਸਹੀਦੇ ਮੁਹੱਬਤ' ਫ਼ਿਲਮ ਦਾ ਨਾਕਿਏ ਕੌਣ ਹੈ ?

(A) ਜਗਜੀਤ ਸਿੰਘ (B) ਹਰਭਜਨ ਮਾਨ
(C) ਜਸਪਾਲ ਭੱਟੀ (D) ਬੁਟਾ ਸਿੰਘ

4. 'ਖਾਮੋਸ਼ ਪਾਣੀ' ਫ਼ਿਲਮ ਇੱਕ ________ ਦੀ ਕਹਾਣੀ ਹੈ-

(A) ਜੱਟਾਂ (B) ਪੰਜਾਬੀ ਪਰਵਾਸੀ
(C) ਸਿੱਖ ਔਰਤ (D) ਸਿੱਖ ਆਦਮੀ

5. ਦਿਲ ਦੇ ਵਲਵਲਿਆਂ ਨੂੰ ਲੈਅਮਈ ਭਾਸ਼ਾ ਵਿੱਚ ਕੌਣ ਪੇਸ਼ ਕਰਦਾ ਹੈ ?

(A) ਕਹਾਣੀ (B) ਨਾਵਲ
(C) ਗੀਤ (D) ਫ਼ਿਲਮ



UNNATI EDUCATIONS
9899436384: 9654-279-279
UNNATI EDUCATIONS EK KADAM UNNATI KI AUR

6. 'ਕਲੀਆਂ ਦਾ ਬਾਦਸ਼ਾਹ'ਕਿਸ ਨੂੰ ਕਿਹਾਂ ਜਾਂਦਾ ਹੈ ?
   (A) ਸਰਦੂਲ਼ ਸਿਕੰਦਰ  (B) ਅਮਰ ਨੂਰੀ
   (C) ਜਸਪਿੰਦਰ ਨਰੂਲਾ  (D) ਕੁਲਦੀਪ ਮਾਣਕ

7. ਸਾਰੰਗ, ਨਗੋਜ਼ੇ, ਤੂੰਬੀ ਆਦਿ ਕਿਸਦੇ ਨਾਂ ਹਨ ?
   (A) ਰਵਾਇਤੀ ਸਾਜ਼  (B) ਲੋਕ ਗੀਤ
   (C) ਲੋਕ ਨਾਚ  (D) ਲੋਕ ਕਾਵਿ-ਰੂਪ

**IX.** ਪੁੱਛੇ ਗਏ ਅਨੁਸਾਰ ਤੇਰ੍ਹਾਂ ਪ੍ਰਸ਼ਨਾਂ ਵਿੱਚੋਂ ਕੋਈ ਦਸ ਪ੍ਰਸ਼ਨਾਂ ਦੇ ਉੱਤਰ **20-25** ਸ਼ਬਦਾ ਵਿੱਚ ਲਿਖੋ : **2x10=20**

1. ਭਗਤ ਰਵਿਦਾਸ ਜੀ ਅਨੁਸਾਰ ਚੰਦਨ ਨੂੰ ਕੌਣ ਅਪਵਿੱਤਰ ਕਰ ਜਾਂਦਾ ਹੈ ? ਅਤੇ ਪ੍ਰਭੂ-ਪੂਜਾ ਲਈ ਕਿਹੜੀ ਚੀਜ਼ ਭੇਟ ਕਰਨ ਯੋਗ ਹੈ ?

2. ਭਗਤ ਰਵਿਦਾਸ ਜੀ ਨੇ ਆਪਣੇ ਸਲੋਕ ਰਾਹੀਂ ਮਨੁੱਖ ਨੂੰ ਕਿਸ ਗੱਲ ਵੱਲ ਪ੍ਰੇਰਿਆ ਹੈ ?

3. 'ਵਾਰਿਸ ਸ਼ਾਹ' ਕਵਿਤਾ ਵਿੱਚ ਕਿਸ ਘਟਨਾ ਦਾ ਕਿਹੋ ਜਿਹਾ ਚਿੱਤਰ ਪੇਸ਼ ਹੋਇਆ ਹੈ ?

4. 'ਪੰਜਾਬ' ਕਵਿਤਾ ਵਿੱਚ ਕਵੀ ਨੇ ਕੀ ਪੇਸ਼ ਕੀਤਾ ਹੈ ?

5. ਕਾਕਾ ਆਪਣੇ ਪਿਤਾ ਕੋਲੋਂ ਕੀ ਮੰਗਦਾ ਹੈ ? ਅਤੇ ਕਿਉਂ ?

6. ਬੰਬਈ ਵਸਦੇ ਪੰਜਾਬੀਆਂ ਉੱਪਰ ਬਲਰਾਜ ਸਾਹਨੀ ਨੂੰ ਕੀ ਇਤਰਾਜ਼ ਹਨ ?

7. ਅਖ਼ਬਾਰ ਦੇ ਕੋਈ ਛੇ ਅੰਗਾਂ ਦੇ ਨਾਂ ਲਿਖੋ ।

8. ਅਖ਼ਬਾਰਾਂ ਵਿੱਚ ਛੱਪਣ ਵਾਲੇ ਕਾਰਟੂਨ ਬਾਰੇ ਤੁਸ਼ੀ ਕੀ ਜਾਣਦੇ ਹੋ ?

9. ਅਮੀਰ ਕੌਮਾ ਵਿੱਚ ਵਕਤ ਦੀ ਪਾਬੰਦੀ ਕਿਵੇਂ ਹੈ ?

10. ਅਹਿੰਸਾ, ਸਮੁੱਚੇ ਵਾਤਾਵਰਨ ਨੂੰ ਸ਼ਾਂਤ ਅਤੇ ਉਚ-ਪੱਧਰੀ ਕਿਵੇਂ ਬਣਾ ਦਿੰਦੀ ਹੈ ?

11. ਅਨੁਵਾਦ ਨਿਰੋਲ ਭਾਸ਼ਾਂਤਰ ਨਹੀਂ ਹੈ ? ਸਪਸ਼ਟ ਕਰੋ ।

12. ਤੱਤਕਾਲ ਭਾਸ਼ਾਂਤਰ ਕਰਨ ਸਮੇਂ ਭਾਸ਼ਾਂਤਰਕਾਰ ਨੂੰ ਆਉਣ ਵਾਲੀਆਂ ਮੁਸ਼ਕਲਾਂ ਵਿੱਚੋਂ ਕਿਸੇ ਇੱਕ ਮੁਸ਼ਕਲ ਬਾਰੇ ਦੱਸੋ ।

13. ਨਾਟਕ ਸ਼ਬਦ ਕਿਨ੍ਹਾਂ ਸ਼ਬਦਾਂ ਤੋਂ ਬਣਿਆ ਹੈ ?

UNNATI EDUCATIONS EK KADAM UNNATI KI AUR



**UNNATI EDUCATIONS**
**9899436384: 9654-279-279**

**X.** ਪੁੱਛੇ ਗਏ ਅਨੁਸਾਰ ਤਿੰਨ **(3)** ਪ੍ਰਸ਼ਨਾਂ ਵਿੱਚੋਂ ਦੋ **(2)** ਪ੍ਰਸ਼ਨਾਂ ਦੇ ਉਤੱਤਰ **40-45** ਸ਼ਬਦਾਂ ਵਿੱਚ ਲਿਖੋ : **3x2=6**

**1.** ਕਵਿੱਤਰੀ ਅੰਮ੍ਰਿਤਾ ਪ੍ਰੀਤਮ 'ਵਾਰਿਸ ਸ਼ਾਹ' ਕਵਿਤਾ ਰਾਹੀਂ ਕੀ ਕਹਿਣਾ ਚਾਹੁੰਦੀ ਹੈ ?

**2.** ਮੋਟਰ (ਬਸ) ਸੰਬੰਧੀ ਗੀਤ ਦਾ ਸਮਾਜਿਕ ਅਰਥ ਕੀ ਦੱਸਿਆ ਗਿਆ ਹੈ ?

**3.** ਭਾਸ਼ਾਂਤਰਣ ਸਮੇਂ'ਭਾਸ਼ਣ ਦੀ ਸਮਝ' ਦੀ ਕੀ ਮਹੱਤਤਾ ਹੈ ?

**XI.** ਪੁੱਛੇ ਗਏ ਅਨੁਸਾਰ ਪੰਜ **(5)** ਪ੍ਰਸ਼ਨਾਂ ਵਿੱਚੋਂ ਤਿੰਨ **(3)** ਪ੍ਰਸ਼ਨਾਂ ਦੇ ਉੱਤਰਰ **70-80** ਸ਼ਬਦਾਂ ਵਿੱਚ ਲਿਖੋ : **4x3=12**

**1.** 'ਸਕਤ ਮੀਹੁ ਮਾਰੇ ਸੈ ਮਿਰਿਆ ਸਭ ਪਿਛੈ ਪੈ ਖਾਇ॥
ਹੋਇ ਸਤਾਣਾ ਘੁਰੈ ਨ ਮਾਵੈ ਮਾਹਿ ਸਾਹਿ ਗਇਐ ਪਛੁਤਾਇ॥
ਅੰਧਾ ਕਿਸ ਨੋ ਬੁਕਿ ਸੁਣਾਵੈ । ਖਸਮੈ ਮੂਲ ਨ ਭਾਵੈ।
ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ
ਖਸਮੈ ਭਾਵੈ ਉਹੋ ਚੰਗੀ ਜਿ ਕਰੇ ਖੁਦਾਇ ਖੁਦਾਇ ॥
ਉਪਰੋਕਤ ਕਾਵਿ-ਸਤਰਾਂ ਦੀ ਪ੍ਰਸੰਗ-
ਸ਼ਹਿਤ ਵਿਆਖਿਆ ਕਰੋ ।

**2.** ਇਕਾਂਗੀ ਤੇ ਨਾਟਕ ਵਿੱਚ ਕੀ ਅੰਤਰ ਹੈ?

**3.** 'ਕੁਲਫ਼ੀ' ਕਹਾਣੀ ਦਾ ਵਿਸ਼ਾ ਕੀ ਹੈ ?

**4.** 'ਵਕਤ ਧਨ ਹੈ।' ਕਿਵੇਂ? 'ਵਕਤ ਦੀ ਕਦਰ' ਲੇਖ ਦੇ ਆਧਾਰ 'ਤੇ ਦੱਸੋ।

**5.** ਦੂਰਦਰਸ਼ਨ ਖ਼ਬਰਾਂ ਦੀਆਂ ਕੋਈ ਚਾਰ ਵਿਸ਼ੇਸ਼ਤਾਵਾਂ ਦੱਸੋ।

**XII.** ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ **125-150** ਸ਼ਬਦਾਂ ਵਿੱਚ ਲੇਖ ਲਿਖੋ : **6x1=6**

ਨਾਨਕ ਦੁਖੀਆ ਸਭੁ ਸੰਸਾਰ

**ਜਾਂ**

ਪ੍ਰਦੂਸ਼ਣ ਦੀ ਸਮੱਸਿਆ

EDUCATIONS
EK KADAM UNNATI KI AUR



**UNNATI EDUCATIONS**
**9899436384: 9654-279-279**

**XIII.** ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਪੱਤਰ ਲਿਖੋ : **6x1=6**

ਹੋਸਟਲ ਵਿੱਚ ਰਹਿੰਦੇ ਅਪਣੇ ਛੋਟੇ ਭਰਾ ਨੂੰ ਚਿੱਠੀ ਰਾਹੀਂ ਚਿਤਾਵਨੀ ਦਿਓ ਕਿ ਉਹ ਹੋਸਟਲ ਦੇ ਨਿਯਮਾਂ ਦੀ ਪਾਲਣ ਕਰੇ।

**ਜਾਂ**

ਆਪਣੇ ਸ਼ਹਿਰ ਦੀ ਨਗਰਪਾਲਿਕਾ ਦੇ ਪ੍ਰਧਾਨ ਨੂੰ ਆਪਣੀ ਕਾਲੋਨੀ ਦੀਆਂ ਸੜਕਾਂ ਦੀ ਮੁਰੰਮਤ ਤੇ ਸ਼ਫ਼ਾਈ ਕਰਵਾਉਣ ਲਈ ਇੱਕ ਬੇਨਤੀ-ਪੱਤਰ ਲਿਖੋ।

**- o 0 o -**

UNNATI EDUCATIONS
EK KADAM UNNATI KI AUR



**UNNATI EDUCATIONS**
**9899436384: 9654-279-279**